# ਨਗਰ ਨਿਗਮ ਜਲੰਧਰ

# ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ

# ਮਿਤੀ **3.3.2020**

# ਦੀ ਕਾਰਵਾਈ

(ਮਤਾ ਨੰ: **46-53**)

ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 3.03.2020 ਨੂੰ ਮੇਅਰ ਜੀ ਦੇ ਦਫਤਰ, ਨਗਰ ਨਿਗਮ ਵਿਖੇ, ਉਹਨਾਂ ਦੀ ਪ੍ਰਧਾਨਗੀ ਹੇਠ ਹੋਈ, ਦੀ ਕਾਰਵਾਈ।

ਮੀਟਿੰਗ ਵਿਚ ਹੇਠ ਲਿਖੇ ਅਨੁਸਾਰ ਹਾਜਰ ਹੋਏ:-

1. ਸ਼੍ਰੀ ਜਗਦੀਸ਼ ਰਾਜ ਰਾਜਾ, ਮੇਅਰ ................................ ਚੇਅਰਮੈਨ
2. ਸ਼੍ਰੀ ਦਿਪਰਵਾ ਲਾਕਰਾ, ਆਈ.ਏ.ਐਸ., ਕਮਿਸ਼ਨਰ, ............. ਮੈਂਬਰ
3. ਸ਼੍ਰੀ ਹਰਸਿਮਰਨਜੀਤ ਸਿੰਘ ਬੰਟੀ, ਡਿਪਟੀ ਮੇਅਰ .................. ਮੈਂਬਰ
4. ਸ਼੍ਰੀ ਗੁਰਵਿੰਦਰਪਾਲ ਸਿੰਘ ਬੰਟੀ ਨੀਲਕੰਠ, ਕੌਂਸਲਰ .............. ਮੈਂਬਰ

ਮੀਟਿੰਗ ਸ਼ੁਰੂ ਹੋਣ ਤੇ ਮੇਅਰ ਜੀ ਨੇ ਰੈਗੂਲਰ ਅਜੰਡੇ ਦੀਆਂ ਮੱਦਾਂ ਲੜੀਵਾਰ ਪੜ੍ਹਨ ਦੇ ਆਦੇਸ਼ ਦਿੱਤੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
3.3.2020

**ਮਤਾ ਨੰਬਰ:- 46**
ਵਿਸ਼ਾ:- ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਹੋਈ ਮੀਟਿੰਗ ਮਿਤੀ 13.2.2020 ਦੀ ਪੁਸ਼ਟੀ ਬਾਰੇ।

ਨਗਰ ਨਿਗਮ, ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 13.2.2020 ਨੂੰ ਮੇਅਰ ਜੀ ਦੇ ਦਫਤਰ ਨਗਰ ਨਿਗਮ ਜਲੰਧਰ ਵਿਖੇ ਹੋਈ, ਦੀ ਕਾਰਵਾਈ ਜੋ ਕੌਂਸਲਰ/ਮੈਂਬਰ ਸਹਿਬਾਨ ਨੂੰ ਭੇਜੀ ਜਾ ਚੁੱਕੀ ਹੈ, ਪੁਸ਼ਟੀ ਹਿਤ ਪੇਸ਼ ਹੈ।

ਫੈਸਲਾ:

- ਪਿਛਲੀ ਮੀਟਿੰਗ ਦੀ ਮੱਦ ਨੰ: 43 ਦੇ ਫੈਸਲੇ ਸਬੰਧੀ ਕਮੇਟੀ ਵਲੋਂ ਫੈਸਲਾ ਕੀਤਾ ਗਿਆ ਕਿ ਜ਼ੋਨ ਨੰ: 7 ਦੇ ਪੁਰਾਣੇ ਠੇਕੇਦਾਰ ਪਾਸੋਂ 100% ਲਾਈਟਾਂ ਜਗਦੀਆਂ ਵਾਪਸ ਲੈਣ ਹਿੱਤ ਸ੍ਰੀ ਹਰਸਿਮਰਨਜੀਤ ਸਿੰਘ ਬੰਟੀ, ਡਿਪਟੀ ਮੇਅਰ, ਸ੍ਰੀ ਗੁਰਵਿੰਦਰ ਪਾਲ ਸਿੰਘ ਬੰਟੀ ਨੀਲਕੰਠ, ਮੈਂਬਰ ਸ੍ਰੀ ਰਾਜਵਿੰਦਰ ਸਿੰਘ ਰਾਜਾ, ਕੌਂਸਲਰ, ਵਾਰਡ ਨੰ: 58 ਸਟਰੀਟ ਲਾਈਟ ਐਡਹਾਕ ਕਮੇਟੀ, ਸ੍ਰੀ ਗੁਰਚੈਣ ਸਿੰਘ, ਕਾਰਜਕਾਰੀ ਇੰਜ਼ੀਨਿਅਰ, ਸ੍ਰੀ ਸੁਰੇਸ਼ ਕੁਮਾਰ, ਐਸ.ਡੀ.ਓ., ਸ੍ਰੀ ਅਨਿਲ ਚੱਡਾ, ਜੇ.ਈ. ਦੀ ਇੱਕ ਕਮੇਟੀ ਬਣਾਈ ਜਾਂਦੀ ਹੈ ਜਿਹੜੀ ਕਿ 100% ਪੁਆਇੰਟਸ ਚੈਕ ਕਰੇਗੀ ਅਤੇ ਖ਼ਾਸ ਤੌਰ ਤੇ ਇਹਨਾਂ ਪੁਆਇੰਟਾਂ ਦੀਆਂ ਚੋਕਾਂ ਅਤੇ ਬਲਬਾਂ ਨੂੰ ਚੈਕ ਕਰੇਗੀ ।
- ਮੇਅਰ ਜੀ ਵਲੋਂ ਹਦਾਇਤ ਕੀਤੀ ਗਈ ਕਿ ਜਿਹੜੀ ਸ਼ਹਿਨਾਈ ਪੈਲੇਸ ਵਾਲੀ ਸੜਕ ਦੇ ਟੈਂਡਰ ਪ੍ਰਵਾਨ ਹੋ ਚੁੱਕੇ ਹਨ ਅਤੇ ਕੰਮ ਸੁਰੂ ਕਰਵਾਇਆ ਜਾਣਾ ਹੈ ਉਹ ਕੰਮ ਸੁਰੂ ਕਰਨ ਤੋਂ ਪਹਿਲਾਂ ਇਹ ਸੜਕ ਪਹਿਲਾਂ ਜਦੋਂ ਬਣੀ ਸੀ, ਉਸ ਦੀ ਮਿਸਲ ਉਹਨਾਂ ਨੂੰ ਸ੍ਰੀ ਰਜਨੀਸ਼ ਡੋਗਰਾ, ਐਸ.ਈ. (ਬੀ ਐਂਡ ਆਰ) ਵਲੋਂ ਦੋ ਦਿਨਾਂ ਵਿੱਚ ਪੁਟ ਅਪ ਕੀਤੀ ਜਾਵੇਗੀ ।
- ਉਪਰੋਕਤ ਪ੍ਰੇਖਣਾਂ ਨਾਲ ਕਾਰਵਾਈ ਦੀ ਪੁਸ਼ਟੀ ਕੀਤੀ ਜਾਂਦੀ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
3.3.2020

ਮਤਾ ਨੰਬਰ:- 47

**ਵਿਸ਼ਾ:-** ਬੀ. ਐਂਡ ਆਰ. ਸ਼ਾਖਾ ਦੇ ਟੈਂਡਰਾਂ ਦੀ ਪ੍ਰਵਾਨਗੀ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਦੇ ਤਖਮੀਨੇ ਬੀ. ਐਂਡ ਆਰ. ਸ਼ਾਖਾ ਵੱਲੋਂ ਤਿਆਰ ਕੀਤੇ ਗਏ ਸਨ, ਜਿਹਨਾਂ ਦੇ ਟੈਂਡਰ ਪ੍ਰਾਪਤ ਕੀਤੇ ਜਾ ਚੁੱਕੇ ਹਨ, ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

## URBAN ENVIRONMENT IMPROVEMENT PROGRAM

ਰੁਪਏ ਲੱਖਾਂ ਵਿੱਚ

| Sr. No. | W. No. | Name of Work | Est. Amt. | BOQ/ Sanctioned Amt. | Saving % age | Tender Amt. | Name of Agency | Tender called (No. of Times) | No. of Tenders Received | House Resolution |
|---|---|---|---|---|---|---|---|---|---|---|
| 1. | 47 | Const. of CC streets Mithu Basti near Guru Nanak Nagar. | 23.15 | 23.15 | 14.70% | 19.75 | Vikas Gambhir | 3rd Time | 02 | 81(W-13) dt. 29.11.19 |
| 2. | 73 | Const. of streets in Darona Garden. | 18.38 | 18.38 | 14.16% | 15.78 | Vikas Gambhir | 3rd Time | 02 | 81(W-17) dt. 29.11.19 |
| 3. | 03 | Development of CC road in Raja Garden | 11.42 | 11.42 | 8.10% | 10.49 | Jaswinder Jit Singh | 2nd Time | 03 | 81(K-4) dt. 29.11.19 |
| 4. | 45 | P/L of M-30 C. Concrete in Shastri Nagar adjoining area of Park. | 11.03 | 11.03 | 14.15% | 9.47 | Vikas Gambhir | 3rd Time | 02 | 81(W-12) dt. 29.11.19 |
| 5. | 72 | Const. of various CC streets of New Madhuban Colony Jag wali kothi. | 4.44 | 4.44 | 11.11% | 3.95 | Vikas Gambhir | 3rd Time | 02 | 81(W-15) dt. 29.11.19 |
| 6. | 43 | Const. of CC streets in Anoop Nagar backside Apeejay School Ground. | 3.73 | 3.73 | 11.11% | 3.32 | Vikas Gambhir | 3rd Time | 02 | 81(W-11) dt. 29.11.19 |
| **MC Funds** | | | | | | | | | | |
| 7. | Gen | Renovation of Trench on Salempur Muslmana Road. | 33.98 | 33.98 | 10.65% | 30.36 | Punjab Engineering LC Society | 1st Time | 03 | Anticipation dt.29.11.19 |

ਉਪਰੋਕਤ ਕੰਮਾਂ ਦੇ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਪ੍ਰਵਾਨਗੀ ਹਿੱਤ ਪੇਸ਼ ਹਨ। ਕਾਰਜਕਾਰੀ ਇੰਜੀਨੀਅਰ ਅਤੇ ਨਿਗਰਾਨ ਇੰਜੀਨਿਅਰ (ਬੀ ਐਂਡ ਆਰ) ਸ਼ਾਖਾ ਨੇ ਵੱਖ-ਵੱਖ ਮਿਤੀਆਂ ਰਾਹੀਂ ਇਨ੍ਹਾਂ ਟੈਂਡਰਾਂ ਸਬੰਧੀ ਵਿੱਤ ਅਤੇ ਠੇਕਾ ਕਮੇਟੀ ਪਾਸੋਂ ਵਿਚਾਰਣ ਅਤੇ ਪ੍ਰਵਾਨਗੀ ਲਈ ਸਿਫਾਰਸ਼ ਕੀਤੀ ਹੈ। ਮਾਨਯੋਗ ਕਮਿਸ਼ਨਰ ਜੀ ਨੇ ਸਹਿਮਤੀ ਹਸਤਾਖ਼ਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸਾਂ ਰਾਹੀਂ ਉਕਤ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਪ੍ਰਵਾਨਗੀ ਹਿੱਤ ਪੇਸ਼ ਹਨ ਜੀ ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

3.3.2020

**ਮਤਾ ਨੰਬਰ:- 48**

ਵਿਸ਼ਾ:- ਰਿਪੇਅਰ ਆਫ 2 ਮੈਨਹੋਲ ਆਨ 72" ਡਾਇਆ ਸੀਵਰ ਲਾਇਨ ਕਨੈਕਟਿੰਗ ਟੂ ਐਸ.ਟੀ.ਪੀ. ਬਸਤੀ ਪੀਰ ਦਾਦ। (ਈ-ਟੈਂਡਰ ਪ੍ਰਵਾਨਗੀ ਹਿੱਤ)

| | |
|---|---|
| ਤਖਮੀਨਾ ਰੁਪਏ: 3,33,590/- | ਟੈਂਡਰ ਮੰਗੇ ਰੁਪਏ: 3,33,590/- |
| ਕੁੱਲ ਪ੍ਰਾਪਤ ਵੈਲਿਡ ਟੈਂਡਰ= 3 (ਪਹਿਲੀ ਬਾਰੀ) | ਟੈਂਡਰ ਅਮਾਉਂਟ ਰੁਪਏ: 3,23,582/- |
| ਸੇਵਿੰਗ 3% | ਅਜੰਸੀ ਦਾ ਨਾਮ:- ਮੈਸਰਜ਼ ਵਿਜੇ ਕਾਲੀਆ ਕੰਟਰੈਕਟਰ |

ਉਪਰੋਕਤ ਕੰਮ ਕਰਵਾਉਣ ਲਈ ਤਖਮੀਨਾ ਰੁਪਏ 3,33,590/- ਦੀ ਪ੍ਰਵਾਨਗੀ ਨਗਰ ਨਿਗਮ ਨੇ ਅਪਣੇ ਮਤਾ ਨੰ: 101(28) ਮਿਤੀ 29-11-19 ਰਾਹੀਂ ਦਿੱਤੀ ਸੀ।

ਪਹਿਲੀ ਬਾਰੀ ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਸੁਸਾਈਟੀਆਂ ਤੋ ਮਿਤੀ 10.01.2020 ਤੱਕ ਮੰਗੇ ਗਏ, ਮਿਥੇ ਸਮੇ ਤੇ ਸੁਸਾਈਟੀਆਂ ਵੱਲੋਂ ਇਸ ਕੰਮ ਦਾ ਟੈਂਡਰ ਨਹੀ ਪਾਇਆ ਗਿਆ ਅਤੇ ਠੇਕੇਦਾਰਾਂ ਕੋਲੋ ਮਿਤੀ 20.01.2020 ਲਈ ਮੰਗੇ ਗਏ ਸਨ, ਕੁੱਲ 3 ਟੈਂਡਰ ਪ੍ਰਾਪਤ ਹੋਏ, ਜਿਹਨਾ ਦੀਆਂ ਤਕਨੀਕੀ ਬਿਡ ਮਿਆਰ ਪਖੋ ਪੂਰੀਆਂ ਸਨ। ਇਸ ਲਈ ਇਹਨਾ ਦੀਆਂ ਵਿੱਤੀ ਬਿਡਾਂ ਖੋਲੀਆਂ ਗਈਆਂ ਅਤੇ ਤੁਲਨਾਤਮਕ ਸੂਚੀ ਤਿਆਰ ਕੀਤੀ ਗਈ। ਉਪਰੋਕਤ ਠੇਕੇਦਾਰ ਨੇ 3% ਦੀ ਸੇਵਿੰਗ ਨਾਲ ਇਹ ਕੰਮ ਤਖਮੀਨਾ ਰੁਪਏ 3,33,590/- ਦੇ ਵਿਰੁੱਧ ਰੁਪਏ 3,23,582/- ਵਿੱਚ ਕਰੇਗਾ। ਕੀਤੇ ਗਏ ਕੰਮ ਦੀ ਅਦਾਇਗੀ ਐਮ.ਬੀ. ਵਿੱਚ ਕੀਤੇ ਗਏ ਇੰਦਰਾਜ ਅਨੁਸਾਰ ਮਾਨਯੋਗ ਕਮਿਸ਼ਨਰ ਜੀ ਦੇ ਹੁਕਮਾਂ ਅਨੁਸਾਰ ਕੀਤੀ ਜਾਵੇਗੀ ਜ਼ੋ ਕਿ ਕੰਮ ਦੀ ਮਿਨਤੀ ਅਨੁਸਾਰ ਵੱਧ-ਘੱਟ ਸਕਦੀ ਹੈ। ਕਾਰਜਕਾਰੀ ਇੰਜੀਨਿਅਰ (ਓ ਐਂਡ ਐਮ) ਨੇ ਮਿਤੀ 28.1.2020 ਰਾਹੀਂ ਉਪਰੋਕਤ ਅਨੁਸਾਰ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਣ ਅਤੇ ਪ੍ਰਵਾਨਗੀ ਹਿੱਤ ਰੱਖਣ ਦੀ ਸਿਫਾਰਿਸ਼ ਕੀਤੀ ਜੀ ਜਿਸ ਨਾਲ ਨਿਗਰਾਨ ਇੰਜੀਨਿਅਰ (ਓ ਐਂਡ ਐਮ) ਨੇ ਮਿਤੀ 28.1.2020 ਨੂੰ ਸਿਫਾਰਸ਼ ਕੀਤੀ ਹੈ । ਕਮਿਸ਼ਨਰ ਜੀ ਨੇ ਮਿਤੀ 7.2.2020 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 11.2.2020 ਰਾਹੀਂ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਅਤੇ ਫੈਸਲੇ ਹਿੱਤ ਪੇਸ਼ ਹੈ ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

3.3.2020

**ਮਤਾ ਨੰਬਰ:- 49**

ਵਿਸ਼ਾ:- ਕਾਲਾ ਸੰਘਿਆ ਡਰੇਨ ਵਿੱਚ ਡਿੱਗ ਰਹੀਆਂ ਸੀਵਰ ਲਾਇਨਾਂ ਨੂੰ ਮੇਨ ਸੀਵਰ ਵਿੱਚ ਜੋੜਨ ਬਾਰੇ। (ਈ-ਟੈਂਡਰ ਪ੍ਰਵਾਨਗੀ ਹਿੱਤ)

| | |
|---|---|
| ਤਖਮੀਨਾ ਰੁਪਏ: 4,93,200/- | ਟੈਂਡਰ ਮੰਗੇ ਰੁਪਏ: 4,93,200/- |
| ਕੁੱਲ ਪ੍ਰਾਪਤ ਵੈਲਿਡ ਟੈਂਡਰ= 3 (ਪਹਿਲੀ ਬਾਰੀ) | ਟੈਂਡਰ ਅਮਾਊਂਟ ਰੁਪਏ: 4,88,268/- |
| ਸੇਵਿੰਗ 1% | ਅਜੰਸੀ ਦਾ ਨਾਮ:- ਸ: ਸਵਰਨ ਸਿੰਘ ਕੰਟਰੈਕਟਰ |

ਉਪਰੋਕਤ ਵਿਸ਼ੇ ਅਧੀਨ ਮਿਤੀ 01.08.19 ਨੂੰ ਸਰਕਟ ਹਾਊਸ, ਜਲੰਧਰ ਵਿਖੇ ਐਨ.ਜੀ.ਟੀ ਮੋਨੀਟਰਿੰਗ ਕਮੇਟੀ ਦੀ ਮੀਟਿੰਗ ਜ਼ਸਟਿਸ ਪ੍ਰੀਤਮ ਪਾਲ, ਸਾਬਕਾ ਜੱਜ ਪੰਜਾਬ ਅਤੇ ਹਰਿਆਣਾ ਹਾਈਕੋਰਟ ਜੀ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿੱਚ ਉਹਨਾ ਵੱਲੋਂ ਸਖਤ ਹਦਾਇਤਾਂ ਦਿੱਤੀਆਂ ਗਈਆਂ ਹਨ ਕਿ ਵੱਖ-ਵੱਖ ਇਲਾਕੀਆਂ ਦੀਆਂ ਸੀਵਰ ਲਾਇਨਾਂ ਕਾਲਾ ਸੰਘਿਆ ਡਰੇਨ ਵਿੱਚ ਡਿੱਗ ਰਹੀਆਂ ਹਨ, ਜਿਸ ਨਾਲ ਡਰੇਨ ਦਾ ਪਾਣੀ ਦੂਸ਼ਿਤ ਹੋ ਰਿਹਾ ਹੈ, ਇਸ ਲਈ ਇਹ ਸੀਵਰ ਲਾਇਨਾਂ ਤੁਰੰਤ ਬੰਦ ਕਰਕੇ ਮੇਨ ਸੀਵਰ ਨਾਲ ਜ਼ੋੜੀਆਂ ਜਾਣ। ਇਸ ਲਈ ਐਨ.ਜੀ.ਟੀ ਮੋਨੀਟਰਿੰਗ ਕਮੇਟੀ ਵੱਲੋਂ ਮਿਲੀਆਂ ਹਦਾਇਤਾਂ ਨੂੰ ਮੁੱਖ ਰੱਖਦੇ ਹੋਏ ਇਹ ਕੰਮ ਕਰਵਾਉਣ ਲਈ ਤਖਮੀਨਾ ਰੁਪਏ 4,93,200/- ਦਾ ਤਿਆਰ ਕੀਤਾ ਗਿਆ ਜਿਸ ਦੀ ਪ੍ਰਵਾਨਗੀ ਨਗਰ ਨਿਗਮ ਨੇ ਅਪਣੇ ਮਤਾ ਨੰ: 144(9) ਮਿਤੀ 24-12-19 ਰਾਹੀਂ ਦਿੱਤੀ ਸੀ।

ਪਹਿਲੀ ਬਾਰੀ ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਸੁਸਾਈਟੀਆਂ ਤੋ ਮਿਤੀ 10.01.2020 ਤੱਕ ਮੰਗੇ ਗਏ, ਮਿਥੇ ਸਮੇ ਤੇ ਸੁਸਾਈਟੀਆਂ ਵੱਲੋਂ ਇਸ ਕੰਮ ਦਾ ਟੈਂਡਰ ਨਹੀ ਪਾਇਆ ਗਿਆ ਅਤੇ ਠੇਕੇਦਾਰਾਂ ਕੋਲੋ ਮਿਤੀ 20.01.2020 ਲਈ ਮੰਗੇ ਗਏ ਸਨ, ਕੁੱਲ 3 ਟੈਂਡਰ ਪ੍ਰਾਪਤ ਹੋਏ, ਜਿਹਨਾ ਦੀਆਂ ਤਕਨੀਕੀ ਬਿਡ ਮਿਆਰ ਪਖੋ ਪੂਰੀਆਂ ਸਨ। ਇਸ ਲਈ ਇਹਨਾ ਦੀਆਂ ਵਿੱਤੀ ਬਿਡਾਂ ਖੋਲੀਆਂ ਗਈਆਂ ਅਤੇ ਤੁਲਨਾਤਮਕ ਸੂਚੀ ਤਿਆਰ ਕੀਤੀ ਗਈ। ਉਪਰੋਕਤ ਠੇਕੇਦਾਰ ਨੇ 1% ਦੀ ਸੇਵਿੰਗ ਨਾਲ ਇਹ ਕੰਮ ਤਖਮੀਨਾ ਰੁਪਏ 4,93,200/- ਦੇ ਵਿਰੁੱਧ ਰੁਪਏ 4,88,268/- ਵਿੱਚ ਕਰੇਗਾ। ਕੀਤੇ ਗਏ ਕੰਮ ਦੀ ਅਦਾਇਗੀ ਐਮ.ਬੀ. ਵਿੱਚ ਕੀਤੇ ਗਏ ਇੰਦਰਾਜ ਅਨੁਸਾਰ ਮਾਨਯੋਗ ਕਮਿਸ਼ਨਰ ਜੀ ਦੇ ਹੁਕਮਾਂ ਅਨੁਸਾਰ ਕੀਤੀ ਜਾਵੇਗੀ ਜੋ ਕਿ ਕੰਮ ਦੀ ਮਿਨਤੀ ਅਨੁਸਾਰ ਵੱਧ-ਘੱਟ ਸਕਦੀ ਹੈ। ਕਾਰਜਕਾਰੀ ਇੰਜੀਨਿਅਰ (ਓ ਐਂਡ ਐਮ) ਨੇ ਮਿਤੀ 28.1.2020 ਰਾਹੀਂ ਉਪਰੋਕਤ ਅਨੁਸਾਰ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਣ ਅਤੇ ਪ੍ਰਵਾਨਗੀ ਹਿੱਤ ਰੱਖਣ ਦੀ ਸਿਫਾਰਿਸ਼ ਕੀਤੀ। ਜਿਸ ਨਾਲ ਨਿਗਰਾਨ ਇੰਜੀਨਿਅਰ (ਓ ਐਂਡ ਐਮ) ਨੇ ਮਿਤੀ 28.1.2020 ਨੂੰ ਸਿਫਾਰਸ਼ ਕੀਤੀ ਹੈ। ਕਮਿਸ਼ਨਰ ਜੀ ਨੇ ਆਪਣੇ ਨੋਟ ਮਿਤੀ 7.2.2020 ਰਾਹੀਂ ਲਿਖਿਆ ਹੈ ਕਿ As per NGT order this is mandatory. Submitted for consideration.

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 11.2.2020 ਰਾਹੀਂ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਅਤੇ ਫੈਸਲੇ ਹਿੱਤ ਪੇਸ਼ ਹੈ ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

3.3.2020

**ਮਤਾ ਨੰਬਰ:- 50**

ਵਿਸ਼ਾ:- ਵਿੱਤ ਅਤੇ ਠੇਕਾ ਕਮੇਟੀ ਵਲੋਂ ਮਤਾ ਨੰ: 220 ਮਿਤੀ 20.12.2019 ਦੇ ਫੈਸਲੇ ਸਬੰਧੀ ।

ਪੜ੍ਹਿਆ ਨੋਟ ਉਪ ਕੰਟਰੋਲਰ (ਵਿੱਤ ਅਤੇ ਲੇਖਾ) ਮਿਤੀ 11.2.2020 ਕਿ ਨਿਗਰਾਨ ਇੰਜੀਨੀਅਰ ਵਲੋਂ ਆਪਣੀ ਰਿਪੋਰਟ ਵਿਚ ਦਰਸਾਇਆ ਹੈ ਕਿ ਸ੍ਰੀ ਇਸ਼ਾਂਤ ਸ਼ਰਮਾ ਵਲੋਂ ਡਿਜੀਟਲ ਸਿਗਨੇਚਰ ਸਰਟੀਫਿਕੇਟ ਗੁੰਮ ਹੋਣ ਬਾਰੇ ਪੁਲਿਸ ਰਿਪੋਰਟ ਦਰਜ ਕਰਵਾਈ ਹੈ ਜ਼ੋ ਮਿਸਲ ਤੇ ਉਪਲੱਬਧ ਹੈ। ਇਸ ਬਾਰੇ ਪੁਲਿਸ ਵਲੋਂ ਜ਼ੋ ਜਨਰਲ ਡਾਇਰੀ ਰਿਪੋਰਟ ਦਾ ਵੇਰਵਾ ਨੱਥੀ ਕੀਤਾ ਹੈ ਉਸ ਵਿਚ ਸ੍ਰੀ ਇਸ਼ਾਂਤ ਸ਼ਰਮਾ ਨੇ ਲਿਖਿਆ ਹੈ ਕਿ "ਜੋ ਸੋਸਾਇਟੀ ਦੀ ਪੈਨ ਡਰਾਇਵ ਗੁੰਮ ਹੋਈ ਸੀ ਉਸ ਤੇ ਕਿਸੇ ਵਿਅਕਤੀ ਨੇ ਜਲੰਧਰ ਨਗਰ ਨਿਗਮ ਵਿਚ ਟੈਂਡਰ ਪਾਇਆ ਹੈ ਪਰੰਤੂ ਉਸ ਨੂੰ ਟੈਂਡਰ ਬਾਰੇ ਕੋਈ ਜਾਣਕਾਰੀ ਨਹੀਂ ਹੈ ਕਿ ਇਹ ਟੈਂਡਰ ਕਿਸ ਵਿਅਕਤੀ ਨੇ ਪਾਇਆ ਹੈ। ਇਸ ਸਬੰਧੀ ਰਿਪੋਰਟ ਦਰਜ ਕੀਤੀ ਜਾਵੇ ਅਤੇ ਉਸ ਨੂੰ ਇਨਸਾਫ ਦਿਵਾਇਆ ਜਾਵੇ ਜੀ", ਸ੍ਰੀ ਇਸ਼ਾਂਤ ਸ਼ਰਮਾ ਵਲੋਂ ਦਰਜ ਕਰਵਾਈ ਗਈ ਪੁਲਿਸ ਰਿਪੋਰਟ ਤੋਂ ਪਤਾ ਚੱਲਦਾ ਹੈ ਕਿ ਟੈਂਡਰ ਸ੍ਰੀ ਇਸ਼ਾਂਤ ਸ਼ਰਮਾ ਵਲੋਂ ਨਹੀਂ ਪਾਇਆ ਗਿਆ। ਇਸ ਸਬੰਧੀ ਜਦੋਂ ਪੁਲਿਸ ਤਫਸ਼ੀਸ ਕਰੇਗੀ ਤਦ ਹੀ ਇਹ ਸਪੱਸ਼ਟ ਹੋਵੇਗਾ ਕਿ ਇਹ ਗਲਤ ਟੈਂਡਰ ਕਿਸ ਵਲੋਂ ਪਾਇਆ ਗਿਆ ਹੈ ਤੇ ਉਸ ਵਿਰੁੱਧ ਕਾਰਵਾਈ ਨਗਰ ਨਿਗਮ ਵਲੋਂ ਅਰੰਭੀ ਜਾਵੇਗੀ। ਇਸ ਲਈ ਹਾਲ ਦੀ ਘੜੀ ਇਸ ਕੇਸ ਨੂੰ ਠਪ ਕਰ ਦਿੱਤਾ ਜਾਵੇ। ਪੁਲਿਸ ਤੋਂ ਰਿਪੋਰਟ ਪ੍ਰਾਪਤ ਹੋਣ ਉਪਰੰਤ ਕਾਰਵਾਈ ਅਰੰਭੀ ਜਾ ਸਕਦੀ ਹੈ ਜੀ ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 11.2.2020 ਰਾਹੀਂ ਰਿਪੋਰਟ ਵਿੱਤ ਅਤੇ ਠੇਕਾ ਕਮੇਟੀ ਵਿੱਚ ਪੇਸ਼ ਹੈ ਜੀ।

ਫੈਸਲਾ :

ਵਿਚਾਰਣ ਉਪਰੰਤ ਫੈਸਲਾ ਹੋਇਆ ਕਿ ਸਬੰਧਤ ਸੋਸਾਇਟੀ ਦੇ ਵਿਰੁੱਧ ਗਲਤ ਦਸਤਾਵੇਜ਼ ਲਗਾਕੇ ਟੈਂਡਰ ਪ੍ਰਾਪਤ ਕਰਨ ਸਬੰਧੀ ਐਫ.ਆਈ.ਆਰ. ਦਰਜ ਕਰਵਾਈ ਜਾਵੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
3.3.2020

ਇਸ ਉਪਰੰਤ ਮੇਅਰ ਜੀ ਦੀ ਆਗਿਆ ਅਤੇ ਕਮੇਟੀ ਦੀ ਸਹਿਮਤੀ ਨਾਲ ਮੱਦ ਨੰ:51 ਤੋਂ 53 ਤੱਕ ਰੈਗੂਲਰ ਅਜੰਡੇ ਤੋਂ ਬਾਹਰੋਂ ਲਈਆਂ ਗਈਆਂ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
3.3.2020

ਮਤਾ ਨੰਬਰ:- 51
**ਵਿਸ਼ਾ:-** ਬੀ. ਐਂਡ ਆਰ. ਸ਼ਾਖਾ ਦੇ ਟੈਂਡਰਾਂ ਦੀ ਪ੍ਰਵਾਨਗੀ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਦੇ ਤਖਮੀਨੇ ਬੀ. ਐਂਡ ਆਰ. ਸ਼ਾਖਾ ਵੱਲੋਂ ਤਿਆਰ ਕੀਤੇ ਗਏ ਸਨ, ਜਿਹਨਾਂ ਦੇ ਟੈਂਡਰ ਪ੍ਰਾਪਤ ਕੀਤੇ ਜਾ ਚੁੱਕੇ ਹਨ, ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

ਰੁਪਏ ਲੱਖਾਂ ਵਿੱਚ

| Sr. No. | W. No. | Name of Work | Est. Amt. | BOQ/ Sanctioned Amt. | Saving % age | Tender Amt. | Name of Agency | Tender called (No. of Times) | No. of Tenders Received | House Resolution |
|---|---|---|---|---|---|---|---|---|---|---|
| 1. | 08 | P/L WBM, BM & PC in Ladhewali to Chohkan Village. | 51.92 | 51.56 | 3.90% | 49.56 | Bhushan Chhura & Co. | 6th Time | 01 | 100(03) dt. 25.6.18 |
| 2. | Gen | P/L BC on main road Chugitti to Nangal Shama. | 75.59 | 74.54 | 3.90% | 71.64 | Bhushan Chhura & Co. | 3rd Time | 02 | 80(37) dt. 29.11.19 |
| 3. | Gen | P/L BC on main road from PAP to BSF chowk both side. | 74.00 | 56.41 | 1.08% | 55.80 | Satish Aggarwal & Co. | 4th Time | 01 | 80(43) dt. 29.11.2019 |

ਉਪਰੋਕਤ ਕੰਮਾਂ ਦੇ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਪ੍ਰਵਾਨਗੀ ਹਿੱਤ ਪੇਸ਼ ਹਨ। ਕਾਰਜਕਾਰੀ ਇੰਜੀਨੀਅਰ ਅਤੇ ਨਿਗਰਾਨ ਇੰਜੀਨਿਅਰ (ਬੀ ਐਂਡ ਆਰ) ਸ਼ਾਖਾ ਨੇ ਵੱਖ-ਵੱਖ ਮਿਤੀਆਂ ਰਾਹੀਂ ਇਨ੍ਹਾਂ ਟੈਂਡਰਾਂ ਸਬੰਧੀ ਵਿੱਤ ਅਤੇ ਠੇਕਾ ਕਮੇਟੀ ਪਾਸੋਂ ਵਿਚਾਰਣ ਅਤੇ ਪ੍ਰਵਾਨਗੀ ਲਈ ਸਿਫਾਰਸ਼ ਕੀਤੀ ਹੈ। ਮਾਨਯੋਗ ਕਮਿਸ਼ਨਰ ਜੀ ਨੇ ਸਹਿਮਤੀ ਹਸਤਾਖ਼ਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸਾਂ ਰਾਹੀਂ ਉਕਤ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਪ੍ਰਵਾਨਗੀ ਹਿੱਤ ਪੇਸ਼ ਹਨ ਜੀ ।

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
3.3.2020

**ਮਤਾ ਨੰਬਰ:- 52**

ਵਿਸ਼ਾ :- Waste to compost pit composting ਵਾਸਤੇ bio wizard powder ਜੈਮ ਪੋਰਟਲ ਤੋਂ ਖਰੀਦ ਕਰਨ ਉਪਰੰਤ ਅਦਾਇਗੀ ਕਰਨ ਸਬੰਧੀ।

ਪੜ੍ਹਿਆ ਨੋਟ ਸਹਾਇਕ ਸਿਹਤ ਅਫਸਰ ਮਿਤੀ 20.2.2020 ਜਿਸ ਨਾਲ ਸੰਯੁਕਤ ਕਮਿਸ਼ਨਰ (ਐਚ) ਨੇ ਸਿਫਾਰਸ਼ ਕੀਤੀ ਹੈ ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਨਗਰ ਨਿਗਮ, ਜਲੰਧਰ ਵੱਲੋ MSW Rules 2016 ਤਹਿਤ ਗਿੱਲੇ ਕੂੜੇ ਤੋਂ ਖਾਦ ਬਨਾਉਣ ਸਮੇਂ ਬਣਾਈਆਂ ਗਈਆਂ ਪਿਟਸ ਦਾ ਪਾਇਲਟ ਪ੍ਰੋਜੈਕਟ ਨੰਗਲ ਸ਼ਾਮਾਂ ਵਿਖੇ ਕੀਤਾ ਗਿਆ ਹੈ। ਗਿੱਲੇ ਕੂੜੇ ਤੋਂ ਖਾਦ ਬਣਾਉਂਦੇ ਸਮੇਂ ਖਾਦ ਬਨਣ ਵਿੱਚ 30 ਤੋਂ 40 ਦਿਨ ਦਾ ਸਮਾਂ ਲੱਗ ਜਾਦਾਂ ਹੈ। ਖਾਦ ਬਣਾਉਂਦੇ ਸਮੇਂ ਗਿੱਲੇ ਕੂੜੇ ਦੀ ਬਦਬੂ ਦੀ ਸਮੱਸਿਆ ਨੂੰ ਹਲ ਕਰਨ ਲਈ Bio Wizard powder ਜੋ ਕਿ ਇੱਕ Patent Biodigester ਦਾ ਇਸਤੇਮਾਲ ਕੀਤਾ ਜਾਦਾਂ ਹੈ।

ਨਗਰ ਨਿਗਮ, ਹਾਊਸ ਦੇ ਮਤਾ ਨੰ: 148 (7) ਮਿਤੀ : 24.12.2019 ਉਕਤ ਪ੍ਰੋਡੱਕਟ ਦੀ ਖਰੀਦ ਕਰਨ ਦੀ ਪ੍ਰਵਾਨਗੀ ਦਿੱਤੀ ਗਈ। ਮਾਣਯੋਗ ਕਮਿਸ਼ਨਰ ਜੀ ਵੱਲੋ ਮਿਤੀ : 10.01.2020 ਰਾਹੀਂ ਹਾਲ ਦੀ ਘੜੀ 20 ਕਿੱਲੋ ਖਰੀਦ ਕਰਨ ਦੀ ਪ੍ਰਵਾਨਗੀ ਦਿੱਤੀ ਗਈ ਸੀ। ਜੈਮ ਪੋਰਟਲ ਤੇ ਮਿਤੀ : 10.01.2020 ਨੂੰ ਉਕਤ ਸਬੰਧੀ ਖਰੀਦ ਕਰਨ ਲਈ ਬਿਡਾਂ ਮੰਗੀਆਂ ਗਈਆਂ ਸਨ। ਮਿਤੀ : 20.01.2020 ਨੂੰ ਕੁੱਲ 6 ਫਰਮਾਂ ਵੱਲੋ ਟੈਂਡਰ ਪਾਏ ਗਏ ਜਿਨ੍ਹਾਂ ਵਿੱਚੋ 4 ਫਾਰਮਾਂ ਨੂੰ Technical Evalution ਅਨੁਸਾਰ ਸਹੀ ਪਾਇਆ ਗਿਆ ਅਤੇ ਇਸ ਉਪਰੰਤ 4 ਫਰਮਾਂ ਦੀ ਮਿਤੀ : 22.01.2020 Financial Evalution ਅਨੁਸਾਰ ਜੈਮ ਪੋਰਟਲ ਵੱਲੋ **M/s Dreamtoch Success system Private Limited ਨੂੰ** ਐਲ-1 ਚੁਣਿਆ ਗਿਆ। ਮਿਤੀ : 24.01.2020 ਨੂੰ ਐਲ-1 ਨੂੰ ਉਕਤ ਸਮਾਨ 20 ਕਿੱਲੋ Bio Wizard powder ਸਪਲਾਈ ਕਰਨ ਲਈ ਵਰਕ ਆਰਡਰ ਓਨਲਾਈਨ ਜਾਰੀ ਕੀਤਾ ਗਿਆ ਅਤੇ ਮਿਤੀ : 8.02.2020 ਤੱਕ ਸਮਾਨ ਸਪਲਾਈ ਕਰਨ ਦਾ ਸਮਾਂ ਦਿੱਤਾ ਗਿਆ। ਕੰਪਨੀ ਵੱਲੋ ਮਿਤੀ : 29.01.2020 ਨੂੰ ਇਹ ਸਮਾਨ ਸਪਲਾਈ ਕਰ ਦਿੱਤਾ ਗਿਆ ਅਤੇ ਆਪਣਾ ਬਿਲ ਨੰਬਰ **DTSS/19-20/01 dated 29.01.2020** ਰੁਪਏ 2,12,000/- ਨਗਰ ਨਿਗਮ ਨੂੰ ਕਰ ਦਿੱਤਾ ਗਿਆ।

ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਕੰਪਨੀ ਨੂੰ ਜੈਮ ਪੋਰਟਲ ਰਾਹੀਂ 2,12,000/- ਦੀ ਅਦਾਇਗੀ ਕਰਨ ਦੀ ਪ੍ਰਵਾਨਗੀ ਦਿੱਤੀ ਜਾਵੇ ਜੀ। ਕਮਿਸ਼ਨਰ ਜੀ ਨੇ ਮਿਤੀ 20.2.2020 ਰਾਹੀਂ ਇਸ ਖਰਚੇ ਨੂੰ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰ ਕਰਨ ਦੀ ਸਿਫਾਰਸ਼ ਕੀਤੀ ਹੈ। ਮਾਨਯੋਗ ਮੇਅਰ ਜੀ ਨੇ ਮਿਤੀ 27.2.2020 ਨੂੰ ਇਸ ਖਰਚੇ ਨੂੰ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰ ਕੀਤਾ ਹੈ।

ਤਜਵੀਜ ਅੰਤਮ ਪ੍ਰਵਾਨਗੀ ਹਿੱਤ ਪੇਸ਼ ਹੈ ।

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
3.3.2020

**ਮਤਾ ਨੰਬਰ:- 53**
ਵਿਸ਼ਾ:- ਸ਼ਹਿਰ ਦੀਆਂ ਸਟਰੀਟ ਲਾਇਟਾਂ ਦੇ ਰੱਖ ਰੱਖਾਵ ਬਾਬਤ ਜ਼ੋਨ ਵਾਈਜ਼ ਟੈਂਡਰਾਂ ਦੀ ਪ੍ਰਵਾਨਗੀ ਬਾਰੇ।

ਨਗਰ ਨਿਗਮ ਜਲੰਧਰ ਸ਼ਹਿਰ ਦੇ ਅੰਦਰ ਲਗੀਆਂ ਸਟਰੀਟ ਲਾਇਟਾਂ ਦੇ ਰੱਖ ਰੱਖਾਵ ਦਾ ਕੰਮ 7-ਜ਼ੋਨਾਂ ਵਿੱਚ ਵੰਡਿਆ ਹੋਇਆ ਹੈ। ਜ਼ੋਨ ਵਾਈਜ ਸਟਰੀਟ ਲਾਇਟਾਂ ਦੇ ਰੱਖ ਰੱਖਾਵ ਦਾ ਕੰਮ ਠੇਕੇ ਤੇ ਕਰਵਾਇਆ ਜਾ ਰਿਹਾ ਹੈ, ਇਹਨਾਂ ਕੰਮਾਂ ਦੀ ਮਿਆਦ ਮਿਤੀ 31.01.2020 ਨੂੰ ਖਤਮ ਹੋ ਰਹੀ ਹੈ। ਸ਼ਹਿਰ ਦੇ ਸਟਰੀਟ ਲਾਇਟਾਂ ਦੇ ਕੰਮਾਂ ਨੂੰ ਸੁਚਾਰੂ ਢੰਗ ਅਤੇ ਲੋਕ ਹਿੱਤ ਨੂੰ ਮੁੱਖ ਰੱਖਦੇ ਹੋਏ ਇਹਨਾ ਕੰਮਾਂ ਦੇ ਵੱਖ-ਵੱਖ ਤਖਮੀਨੇ ਜ਼ੋਨ ਵਾਈਜ਼ ਤਿਆਰ ਕੀਤੇ ਗਏ। ਜਿਹਨਾ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਨੇ ਅਪਣੇ ਮਤਾ ਨੰ: 87 (1 ਤੋ 7) ਮਿਤੀ 29.11.19 ਰਾਹੀਂ ਦਿੱਤੀ। ਇਹਨਾਂ ਕੰਮਾਂ ਲਈ ਵਿਸਤਾਰਪੂਰਵਕ ਐਨ.ਆਈ.ਟੀ, ਟਰਮਜ਼ ਕੰਡੀਸ਼ਨਜ਼ ਅਤੇ ਅਲੀਜੀਬਿਲਟੀ ਕਰਟੀਰਿਆਂ ਤਿਆਰ ਕਰਕੇ ਵੱਖ-ਵੱਖ ਜ਼ੋਨਾਂ ਦੇ ਕੰਮ ਪਹਿਲੀ ਬਾਰੀ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਮਿਤੀ 03.12.19 ਮੰਗੇ ਗਏ। ਸਾਰੇ ਕੰਮਾਂ ਦੇ 3-3 ਟੈਂਡਰ ਪ੍ਰਾਪਤ ਹੋਏ। ਇਹਨਾ ਟੈਂਡਰਾਂ ਦੀਆਂ ਤਕਨੀਕੀ ਬਿਡਾਂ ਮਿਆਰ ਪੱਖੋ ਪੂਰੀਆਂ ਹੋਣ ਕਾਰਨ ਇਹਨਾਂ ਦੀਆਂ ਵਿੱਤੀ ਬਿਡਾਂ ਖੋਲੀਆਂ ਗਈਆਂ। ਇਹਨਾਂ ਟੈਂਡਰਾਂ ਦੀ ਪ੍ਰਵਾਨਗੀ ਲਈ ਕੇਸ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਗਿਆ। **ਵਿੱਤ ਅਤੇ ਠੇਕਾ ਕਮੇਟੀ ਦੇ ਮਤਾ ਨੰ: 217 ਮਿਤੀ 20.12.2019 ਰਾਹੀਂ ਇਹ ਫੈਸਲਾ ਹੋਇਆ ਕਿ ਟੈਂਡਰਾਂ ਨੂੰ ਰੱਦ ਕਰਦੇ ਹੋਏ, ਦੁਬਾਰਾ ਟੈਂਡਰ ਮੰਗੇ ਜਾਣ।**

ਇਹਨਾ ਕੰਮਾਂ ਦੇ ਟੈਂਡਰ ਦੂਸਰੀ ਬਾਰੀ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਮਿਤੀ 10.01.2020 ਨੂੰ ਮੰਗੇ ਗਏ। ਜ਼ੋਨ ਨੰ: 1,2,4 ਅਤੇ 7 ਦੇ ਕੰਮਾਂ ਦੇ ਸਿਰਫ 1-1 ਟੈਂਡਰ ਪ੍ਰਾਪਤ ਹੋਏ, ਅਤੇ ਜ਼ੋਨ ਨੰ: 3,5 ਅਤੇ 6 ਦੇ ਕੰਮਾਂ ਦਾ ਕੋਈ ਟੈਂਡਰ ਪ੍ਰਾਪਤ ਨਹੀ ਹੋਇਆ। ਸਰਕਾਰ ਦੀ ਨੋਟੀਫਿਕੇਸ਼ਨ ਅਤੇ ਐਸ.ਓ.ਪੀ ਦੀ ਕੰਡੀਸ਼ਨਜ਼ ਅਨੁਸਾਰ ਜ਼ੋਨ ਨੰ: 1,2,4 ਅਤੇ 7 ਦੇ ਕੰਮਾਂ ਦੀਆਂ ਘੱਟ ਬਿਡਾਂ (1-1) ਪ੍ਰਾਪਤ ਹੋਣ ਅਤੇ ਜ਼ੋਨ ਨੰ: 3,5 ਅਤੇ 6 ਦੇ ਕੰਮਾਂ ਦੀ ਕੋਈ ਬਿੱਡ ਪ੍ਰਾਪਤ ਨਾ ਹੋਣ ਕਾਰਨ ਇਹਨਾ ਸਾਰੇ ਟੈਂਡਰਾਂ ਨੂੰ ਮਿਤੀ 10.01.2020 ਨੂੰ ਰੱਦ ਕਰਦੇ ਹੋਏ ਰਿ-ਕਾਲ ਕੀਤੇ ਗਏ।

ਇਹਨਾਂ ਕੰਮਾਂ ਦੇ ਟੈਂਡਰ ਤੀਸਰੀ ਬਾਰੀ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਮਿਤੀ 20.01.20 ਮੰਗੇ ਗਏ, ਜਿਸ ਵਿੱਚ ਜ਼ੋਨ ਨੰ: 1 ਤੋ 4 ਅਤੇ 7 ਦੇ ਕੰਮਾਂ ਦੀਆਂ 1-1 ਬਿੱਡ ਪ੍ਰਾਪਤ ਹੋਈ। ਇਹਨਾ ਟੈਂਡਰਾਂ ਦੀਆਂ ਤਕਨੀਕੀ ਬਿਡਾਂ ਮਿਆਰ ਪੱਖੋ ਪੂਰੀਆਂ ਹੋਣ ਕਾਰਨ ਇਹਨਾਂ ਦੀਆਂ ਵਿੱਤੀ ਬਿਡਾਂ ਖੋਲੀਆਂ ਗਈਆਂ। ਇਹਨਾਂ ਟੈਂਡਰਾਂ ਦੀ ਪ੍ਰਵਾਨਗੀ ਲਈ ਕੇਸ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਗਿਆ। **ਵਿੱਤ ਅਤੇ ਠੇਕਾ ਕਮੇਟੀ ਦੇ ਮਤਾ ਨੰ: 43 ਮਿਤੀ 13.02.2020 ਰਾਹੀਂ ਇਹ ਫੈਸਲਾ ਹੋਇਆ ਕਿ ਟੈਂਡਰਾਂ ਨੂੰ ਰੱਦ ਕਰਦੇ ਹੋਏ, ਦੁਬਾਰਾ ਟੈਂਡਰ ਮੰਗੇ ਜਾਣ।**

ਇਹਨਾਂ ਹੁਕਮਾਂ ਦੀ ਪਾਲਣਾ ਕਰਦੇ ਹੋਏ ਇਹਨਾਂ ਕੰਮਾਂ ਦੇ ਟੈਂਡਰ ਚੌਥੀ ਬਾਰੀ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਮਿਤੀ 28.02.20 ਮੰਗੇ ਗਏ, ਸਾਰੇ ਜ਼ੋਨਾਂ ਦੇ ਕੁੱਲ 11 ਟੈਂਡਰ ਪ੍ਰਾਪਤ ਹੋਏ। ਇਹਨਾ ਟੈਂਡਰਾਂ ਦੀਆਂ ਤਕਨੀਕੀ ਬਿਡਾਂ ਮਿਆਰ ਪੱਖੋ ਪੂਰੀਆਂ ਹੋਣ ਕਾਰਨ ਇਹਨਾਂ ਦੀਆਂ ਵਿੱਤੀ ਬਿਡਾਂ ਖੋਲੀਆਂ ਗਈਆਂ, ਜਿਹਨਾ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ: | ਸਟਰੀਟ ਲਾਇਟਾਂ ਦੇ ਰੱਖ ਰੱਖਾਵ ਦੇ ਕੰਮ ਬਾਰੇ। ਜ਼ੋਨ ਨੰ: | ਤਖਮੀਨਾ ਰੁਪਏ | ਅਜੰਸੀ ਦਾ ਨਾਮ ਅਤੇ ਪ੍ਰਾਪਤ ਸੇਵਿੰਗ | |
|---|---|---|---|---|
| | | | **L1** | **L-2** |
| 1 | ਜ਼ੋਨ 1 | 5013332/- | ਮੈ: ਭਾਗਵਤ ਇੰਜੀਨੀਅਰ ਐਂਡ ਕੰਟਰੈਕਟਰਜ਼ ਸਵਿੰਗ 24.99% | ਮੈ ਗੁਪਤਾ ਇਲੈਕਟ੍ਰਿਕਲ ਸਟੋਰ ਸੇਵਿੰਗ 24.99% |
| 2 | ਜ਼ੋਨ 2 | 5550464/- | ਮੈ: ਭਾਗਵਤ ਇੰਜੀਨੀਅਰ ਐਂਡ ਕੰਟਰੈਕਟਰਜ਼ ਸੇਵਿੰਗ 24.99% | ਮੈ ਗੁਪਤਾ ਇਲੈਕਟ੍ਰਿਕਲ ਸਟੋਰ ਸੇਵਿੰਗ 24.99% |
| 3 | ਜ਼ੋਨ 3 | 5334204/- | ਮੈ: ਭਾਗਵਤ ਇੰਜੀਨੀਅਰ ਐਂਡ ਕੰਟਰੈਕਟਰਜ਼ ਸੇਵਿੰਗ 24.99% | ਨਿਲ |
| 4 | ਜ਼ੋਨ 4 | 8100727/- | ਮੈ: ਭਾਗਵਤ ਇੰਜੀਨੀਅਰ ਐਂਡ ਕੰਟਰੈਕਟਰਜ਼ ਸੇਵਿੰਗ 24.99% | ਨਿਲ |
| 5 | ਜ਼ੋਨ 5 | 6007476/- | ਮੈ: ਭਾਗਵਤ ਇੰਜੀਨੀਅਰ ਐਂਡ ਕੰਟਰੈਕਟਰਜ਼ ਸੇਵਿੰਗ 24.99% | ਮੈ ਗੁਪਤਾ ਇਲੈਕਟ੍ਰਿਕਲ ਸਟੋਰ ਸੇਵਿੰਗ 24.99% |
| 6 | ਜ਼ੋਨ 6 | 6180684/- | ਮੈ: ਭਾਗਵਤ ਇੰਜੀਨੀਅਰ ਐਂਡ ਕੰਟਰੈਕਟਰਜ਼ ਸੇਵਿੰਗ 24.99% | ਨਿਲ |
| 7 | ਜ਼ੋਨ 7 | 4103295/- | **ਮੈ ਗੁਰਮ ਇਲੈਕਟ੍ਰਿਕਲ ਕੰਪਨੀ** ਸੇਵਿੰਗ 48.90% | ਮੈ: ਭਾਗਵਤ ਇੰਜੀਨੀਅਰ ਐਂਡ ਕੰਟਰੈਕਟਰਜ਼ ਸੇਵਿੰਗ 24.99% |

ਨਗਰ ਨਿਗਮ ਵੱਲੋਂ ਪ੍ਰਕਾਸ਼ਿਤ ਐਨ.ਆਈ.ਟੀ ਦੀਆਂ ਟਰਮਜ਼ ਕੰਡੀਸ਼ਨਜ਼ ਅਨੁਸਾਰ ਪ੍ਰਾਪਤ ਲੋਐਸਟ ਰੇਟ ਨੂੰ ਸਟਾਰ ਰੇਟ ਮੰਨ ਕੇ ਸਾਰੇ ਜ਼ੋਨਾਂ ਦਾ ਕੰਮ ਸਟਾਰ ਰੇਟ ਤੇ ਅਲਾਟ ਕੀਤਾ ਜਾਣਾ ਹੈ ਅਤੇ ਕਿਸੇ ਵੀ ਇਕ ਅਜੰਸੀ ਨੂੰ 2 ਤੋ ਵੱਧ ਜ਼ੋਨਾਂ ਦਾ ਕੰਮ ਅਲਾਟ ਨਹੀ ਕੀਤਾ ਜਾਣਾ ਹੈ, ਪਰੰਤੂ ਜੇਕਰ ਕਿਸੇ ਜ਼ੋਨ ਵਿੱਚ ਕਿਸੇ ਠੇਕੇਦਾਰ ਵੱਲੋਂ ਨਹੀ ਲਿਆ ਜਾਂਦਾ ਤਾਂ ਵਿੱਤ ਅਤੇ ਠੇਕਾ ਕਮੇਟੀ ਅਤੇ ਠੇਕੇਦਾਰ ਦੀ

ਸਹਿਮਤੀ ਉਪਰੰਤ ਹੀ ਤੀਸਰਾ ਜ਼ੋਨ ਵੀ ਉਸ ਨੂੰ ਅਲਾਟ ਕੀਤਾ ਜਾ ਸਕਦਾ ਹੈ। ਟੈਂਡਰ ਵਿੱਚ ਹਿੱਸਾ ਲੈਣ ਵਾਲੇ ਸਾਰੇ ਠੇਕੇਦਾਰਾਂ ਨੇ ਨਗਰ ਨਿਗਮ ਵੱਲੋਂ ਪ੍ਰਕਾਸ਼ਿਤ ਟਰਮਜ਼ ਕੰਡੀਸ਼ਨਜ਼ ਨੂੰ ਲਿਖਤੀ ਰੂਪ ਵਿੱਚ ਮੰਨੀਆ ਹੋਇਆ ਹੈ। ਉਪਰੋਕਤ ਟੇਬਲ ਅਨੁਸਾਰ ਲੋਐਸਟ ਰੇਟ (ਸਟਾਰ ਰੇਟ) **48.90% ਪ੍ਰਾਪਤ ਹੋਇਆ ਹੈ।**

ਜ਼ੋਨ ਨੰ: 1 ਵਿੱਚ ਮੈਸਰਜ਼ ਭਾਗਵਤ ਇੰਜੀਨੀਅਰ ਐਂਡ ਕੰਟਰੈਕਟਰ ਅਤੇ ਗੁਪਤਾ ਇਲੈਕਟ੍ਰਿਕ ਸਟੋਰ ਨੇ 24.99% ਸੇਵਿੰਗ ਆਫਰ ਕੀਤੀ ਹੈ, ਪਰੰਤੂ ਐਨ.ਆਈ.ਟੀ ਦੀ ਟਰਮਜ਼ ਐਂਡ ਕੰਡੀਸ਼ਨਜ਼ ਅਤੇ ਸਟਾਰ ਰੇਟ ਕੰਡੀਸ਼ਨਜ਼ ਅਨੁਸਾਰ ਇਹ ਕੰਮ ਮੈਸਰਜ਼ ਗੁਪਤਾ ਇਲੈਕਟਿਕ ਸਟੋਰ ਨੂੰ ਸੇਵਿੰਗ 48.90% ਤੇ ਅਲਾਟ ਕੀਤਾ ਜਾਣਾ ਬਣਦਾ ਹੈ।

ਜ਼ੋਨ ਨੰ: 2 ਵਿੱਚ ਮੈਸਰਜ਼ ਭਾਗਵਤ ਇੰਜੀਨੀਅਰ ਐਂਡ ਕੰਟਰੈਕਟਰ ਅਤੇ ਗੁਪਤਾ ਇਲੈਕਟ੍ਰਿਕ ਸਟੋਰ ਨੇ 24.99% ਸੇਵਿੰਗ ਆਫਰ ਕੀਤੀ ਹੈ, ਪਰੰਤੂ ਐਨ.ਆਈ.ਟੀ ਦੀ ਟਰਮਜ਼ ਐਂਡ ਕੰਡੀਸ਼ਨਜ਼ ਅਤੇ ਸਟਾਰ ਰੇਟ ਕੰਡੀਸ਼ਨਜ਼ ਅਨੁਸਾਰ ਇਹ ਕੰਮ ਮੈਸਰਜ਼ ਗੁਪਤਾ ਇਲੈਕਟਿਕ ਸਟੋਰ ਨੂੰ ਸੇਵਿੰਗ 48.90% ਤੇ ਅਲਾਟ ਕੀਤਾ ਜਾਣਾ ਬਣਦਾ ਹੈ।

ਜ਼ੋਨ ਨੰ: 3 ਵਿੱਚ ਮੈਸਰਜ਼: ਭਾਗਵਤ ਇੰਜੀਨੀਅਰ ਐਂਡ ਕੰਟਰੈਕਟਰਜ਼ ਨੇ 24.99% ਸੇਵਿੰਗ ਆਫਰ ਕੀਤੀ ਹੈ, ਪਰੰਤੂ ਸਟਾਰ ਰੇਟ ਕੰਡੀਸ਼ਨ ਅਨੁਸਾਰ ਸਬ ਤੋ ਜਿਆਦਾ ਸੇਵਿੰਗ 48.90% ਪ੍ਰਾਪਤ ਹੋਈ ਹੈ।

ਜ਼ੋਨ ਨੰ: 4 ਵਿੱਚ ਮੈਸਰਜ਼: ਭਾਗਵਤ ਇੰਜੀਨੀਅਰ ਐਂਡ ਕੰਟਰੈਕਟਰਜ਼ ਨੇ 24.99% ਸੇਵਿੰਗ ਆਫਰ ਕੀਤੀ ਹੈ, ਪਰੰਤੂ ਸਟਾਰ ਰੇਟ ਕੰਡੀਸ਼ਨ ਅਨੁਸਾਰ ਸਬ ਤੋ ਜਿਆਦਾ ਸੇਵਿੰਗ 48.90% ਪ੍ਰਾਪਤ ਹੋਈ ਹੈ।

ਜ਼ੋਨ ਨੰ: 5 ਵਿੱਚ ਮੈਸਰਜ਼ ਭਾਗਵਤ ਇੰਜੀਨੀਅਰ ਐਂਡ ਕੰਟਰੈਕਟਰ ਅਤੇ ਗੁਪਤਾ ਇਲੈਕਟ੍ਰਿਕ ਸਟੋਰ ਨੇ 24.99% ਸੇਵਿੰਗ ਆਫਰ ਕੀਤੀ ਹੈ, ਪਰੰਤੂ ਐਨ.ਆਈ.ਟੀ ਦੀ ਟਰਮਜ਼ ਐਂਡ ਕੰਡੀਸ਼ਨਜ਼ ਅਤੇ ਸਟਾਰ ਰੇਟ ਕੰਡੀਸ਼ਨਜ਼ ਅਨੁਸਾਰ ਇਹ ਕੰਮ ਮੈਸਰਜ਼ ਗੁਪਤਾ ਇਲੈਕਟਿਕ ਸਟੋਰ ਨੂੰ ਸੇਵਿੰਗ 48.90% ਤੇ ਅਲਾਟ ਕੀਤਾ ਜਾਣਾ ਬਣਦਾ ਹੈ।

ਜ਼ੋਨ ਨੰ: 6 ਵਿੱਚ ਮੈਸਰਜ਼ ਭਾਗਵਤ ਇੰਜੀਨੀਅਰ ਐਂਡ ਕੰਟਰੈਕਟਰਜ਼ ਨੇ 24.99% ਸੇਵਿੰਗ ਆਫਰ ਕੀਤੀ ਹੈ, ਪਰੰਤੂ ਸਟਾਰ ਰੇਟ ਕੰਡੀਸ਼ਨ ਅਨੁਸਾਰ ਸਬ ਤੋ ਜਿਆਦਾ ਸੇਵਿੰਗ 48.90% ਪ੍ਰਾਪਤ ਹੋਈ ਹੈ।

ਜ਼ੋਨ ਨੰ: 7 ਵਿੱਚ ਮੈਸਰਜ਼ ਗੁਰਮ ਇਲੈਕਟ੍ਰਿਕਲ ਨੇ 48.90% ਸੇਵਿੰਗ ਆਫਰ ਕੀਤੀ ਹੈ ਅਤੇ ਸਟਾਰ ਰੇਟ ਕੰਡੀਸ਼ਨਜ਼ ਅਨੁਸਾਰ ਇਸ ਠੇਕੇਦਾਰ ਦਾ ਰੇਟ ਸਬ ਤੋ ਲੋਐਸਟ ਬਣਦਾ ਹੈ।

ਕਾਰਜਕਾਰੀ ਇੰਜੀਨੀਅਰ (ਲਾਈਟ) ਲਾਇਟ ਨੇ ਮਿਤੀ ਰਾਹੀਂ ਸ਼ਿਫਾਰਸ ਕੀਤੀ ਹੈ ਕਿ ਨਗਰ ਨਿਗਮ ਵੱਲੋਂ ਪ੍ਰਕਾਸ਼ਿਤ ਐਨ.ਆਈ.ਟੀ ਦੀਆਂ ਸ਼ਰਤਾਂ ਨੂੰ ਮੁੱਖ ਰੱਖਦੇ ਹੋਏ ਉਪਰੋਕਤ ਅਨੁਸਾਰ ਵੱਖ-ਵੱਖ ਠੇਕੇਦਾਰਾਂ ਨੂੰ ਸਟਾਰ ਰੇਟ ਵਾਲੀ ਐਨ.ਆਈ.ਟੀ ਦੀ ਕੰਡੀਸ਼ਨ ਅਨੁਸਾਰ 48.90% ਦੀ ਸੇਵਿੰਗ ਤੇ ਅਲਾਟ ਕਰਨਾ ਬਣਦਾ ਹੈ। ਇਸ ਲਈ ਇਹ ਕੇਸ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ ਜੀ। ਨਿਗਰਾਨ ਇੰਜੀਨੀਅਰ (ਲਾਈਟ) ਨੇ ਮਿਤੀ 3.3.2020 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 3.3.2020 ਰਾਹੀਂ ਉਕਤ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਣ ਅਤੇ ਫੈਸਲੇ ਹਿਤ ਪੇਸ਼ ਹਨ ਜੀ ।

ਫੈਸਲਾ :

ਵਿਚਾਰ ਵਟਾਂਦਰੇ ਦੌਰਾਨ ਸ੍ਰੀ ਗੁਰਮ ਇਲੈਕਟ੍ਰੀਕਲ ਕੰਪਨੀ ਦੇ ਨੁਮਾਇੰਦੇ ਨੂੰ ਬੁਲਾਇਆ ਗਿਆ ਅਤੇ ਕਮੇਟੀ ਵਲੋਂ ਉਸ ਨੂੰ ਸਟਾਰ ਰੇਟ ਤੇ ਬਾਕੀ ਦੇ ਜ਼ੋਨਾ ਦੀ ਮੇਨਟੀਨੈਂਸ ਦੇ ਕੰਮ ਲੈਣ ਸਬੰਧੀ ਸਹਿਮਤੀ ਮੰਗੀ ਤਾਂ ਉਸ ਵਲੋਂ ਕਿਹਾ ਗਿਆ ਕਿ ਕਿਉਂ ਜ਼ੋ ਉਸ ਨੇ ਪਹਿਲਾਂ ਜ਼ੋਨ ਨੰ:7 ਦਾ ਕੰਮ ਕੀਤਾ ਹੈ, ਇਸੇ ਲਈ ਉਸ ਵਲੋਂ ਸਿਰਫ ਇੱਕ ਜ਼ੋਨ ਨੰ: 7 ਦਾ ਟੈਂਡਰ ਪਾਇਆ ਗਿਆ ਹੈ ਅਤੇ ਉਹ ਬਾਕੀ ਦੇ ਜ਼ੋਨਾਂ ਦਾ ਕੰਮ ਨਹੀਂ ਕਰ ਸਕਦਾ ਜਿਸ ਤੇ ਕਮੇਟੀ ਵਲੋਂ ਉਸ ਨੂੰ ਜ਼ੋਨ ਨੰ: 7 ਦੇ ਮੇਨਟੀਨੈਂਸ ਦਾ ਕੰਮ ਅਲਾਟ ਕਰਨ ਦੀ ਪ੍ਰਵਾਨਗੀ ਦਿੱਤੀ। ਇਸ ਉਪਰੰਤ ਮੈ: ਭਾਗਵਤ ਇੰਜੀਨਿਅਰ ਐਂਡ ਕੰਟਰੈਕਟਰਜ਼ ਅਤੇ ਮੈ: ਗੁਪਤਾ ਇਲੈਕਟ੍ਰੀਕਲ ਸਟੋਰ ਦੇ ਨੁਮਾਇੰਦਿਆਂ ਨੂੰ ਬੁਲਾਇਆ ਗਿਆ ਅਤੇ ਉਹਨਾਂ ਵਲੋਂ ਦਿੱਤੀ ਸੇਵਿੰਗ ਤੇ ਸਹਿਮਤੀ ਨਾ ਪ੍ਰਗਟਾਉਂਦੇ ਹੋਏ ਉਹਨਾਂ ਨੂੰ ਸਟਾਰ ਰੇਟ ਜਿਹੜਾ ਕਿ 48.90% ਆਇਆ ਹੈ, ਤੇ ਕੰਮ ਅਲਾਟ ਕਰਨ ਸਬੰਧੀ ਸਹਿਮਤੀ ਮੰਗੀ ਗਈ ਪ੍ਰੰਤੂ ਦੋਵੇਂ ਨੁਮਾਇੰਦਿਆਂ ਨੇ ਇਸ ਰੇਟ ਤੇ ਕੰਮ ਨਾ ਕਰਨ ਬਾਰੇ ਦੱਸਿਆ ਜਿਸ ਉਪਰੰਤ ਕਮੇਟੀ ਵਲੋਂ ਫੈਸਲਾ ਲਿਆ ਗਿਆ ਕਿ ਜ਼ੋਨ ਨੰ: 1 ਤੋਂ 6 ਤੱਕ ਦੇ ਪ੍ਰਾਪਤ ਹੋਏ ਟੈਂਡਰਾਂ ਨੂੰ ਰੱਦ ਕੀਤਾ ਜਾਂਦਾ ਹੈ ਅਤੇ ਇਹਨਾਂ ਕੰਮਾਂ ਦੇ ਦੋਬਾਰਾ ਟੈਂਡਰ ਮੰਗੇ ਜਾਣ। ਇਹ ਵੀ ਫੈਸਲਾ ਹੋਇਆ ਕਿ ਦੋਬਾਰਾ ਟੈਂਡਰ ਮੰਗਣ ਤੋਂ ਪਹਿਲਾਂ ਐਨ.ਆਈ.ਟੀ. ਦੀਆਂ ਸ਼ਰਤਾਂ ਵਿੱਚ ਸਟਾਰ ਰੇਟ ਦੀ ਸ਼ਰਤ ਹਟਾਈ ਜਾਵੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
3.3.2020